# ਵਿਕਟੋਰੀਅਨ ਐਨਰਜੀ ਅੱਪਗ੍ਰੇਡ ਪ੍ਰੋਗਰਾਮ ਅਧੀਨ ਖ਼ਪਤਕਾਰ ਦੇ ਅਧਿਕਾਰ



Punjabi | ਪੰਜਾਬੀ

## ਊਰਜਾ-ਕੁਸ਼ਲ ਉਤਪਾਦਾਂ ਦੀ ਵਰਤੋਂ ਸ਼ੁਰੂ ਕਰੋ ਅਤੇ ਆਪਣੇ ਊਰਜਾ ਬਿੱਲਾਂ ਵਿੱਚ ਬੱਚਤ ਕਰੋ

ਵਿਕਟੋਰੀਅਨ ਐਨਰਜੀ ਅੱਪਗ੍ਰੇਡ (VEU) ਪ੍ਰੋਗਰਾਮ ਛੋਟ ਵਾਲੇ ਊਰਜਾ-ਕੁਸ਼ਲ ਉਤਪਾਦਾਂ ਦੀ ਪੇਸ਼ਕਸ਼ ਕਰਕੇ ਤੁਹਾਡੇ ਊਰਜਾ ਬਿੱਲਾਂ ਵਿੱਚ ਬੱਚਤ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ।

VEU ਵਿਕਟੋਰੀਆ ਸਰਕਾਰ ਦੀ ਪਹਿਲਕਦਮੀ ਹੈ, ਜੋ ਘਰਾਂ ਅਤੇ ਕਾਰੋਬਾਰਾਂ ਵਿੱਚ ਬਿਜਲੀ ਦੇ ਬਿੱਲਾਂ ਨੂੰ ਘਟਾਉਣ ਅਤੇ ਮਾੜੀਆਂ ਗੈਸਾਂ ਦੇ ਨਿਕਾਸ ਨੂੰ ਘਟਾਉਣ ਲਈ ਊਰਜਾ ਕੁਸ਼ਲਤਾ ਸੁਧਾਰਾਂ ਨੂੰ ਉਤਸ਼ਾਹਿਤ ਕਰਦੀ ਹੈ।

VEU ਕੋਡ ਆਫ ਕੰਡਕਟ (ਕੰਮ ਕਰਨ ਦੇ ਨਿਯਮਾਂ) ਦੇ ਅਧੀਨ, ਵੇਚਣ ਵਾਲਿਆਂ ਨੂੰ ਲਾਜ਼ਮੀ ਤੌਰ 'ਤੇ ਖਪਤਕਾਰਾਂ ਨੂੰ ਇਸ ਤੱਥ ਸ਼ੀਟ ਦੀ ਨਕਲ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਪ੍ਰੋਗਰਾਮ ਦੇ ਅਧੀਨ ਉਹਨਾਂ ਦੇ ਖ਼ਪਤਕਾਰ ਅਧਿਕਾਰਾਂ ਨੂੰ ਤੈਅ ਕਰਦੀ ਹੈ। ਇਸ ਤੱਥ ਸ਼ੀਟ ਨੂੰ VEU ਕੋਡ ਆਫ ਕੰਡਕਟ ਦੇ ਅਧੀਨ ਵਿਕਟੋਰੀਅਨ ਐਨਰਜੀ ਐਫੀਸ਼ੈਂਸੀ ਟਾਰਗੇਟ (VEET) ਯੋਜਨਾ ਦੀ ਤੱਥ ਸ਼ੀਟ ਵੀ ਕਿਹਾ ਜਾਂਦਾ ਹੈ।

### ਯੋਗਤਾ

ਵਿਕਟੋਰੀਆ ਦੇ ਪਰਿਵਾਰ ਅਤੇ ਕਾਰੋਬਾਰ ਇਸ ਪ੍ਰੋਗਰਾਮ ਰਾਹੀਂ ਛੋਟ ਵਾਲੇ ਊਰਜਾ-ਕੁਸ਼ਲ ਉਤਪਾਦਾਂ ਅਤੇ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ।

### ਆਪਣੇ ਊਰਜਾ ਬਿੱਲਾਂ ਵਿੱਚ ਬੱਚਤ ਕਰੋ

| | ਘਰਾਂ ਲਈ | ਕਾਰੋਬਾਰਾਂ ਲਈ |
|---|---|---|
| **ਮੌਜੂਦਾ ਪ੍ਰਤੀ ਸਾਲ ਹੋਣ ਵਾਲੀ ਬੱਚਤ** | ਔਸਤ ਪਰਿਵਾਰ $120 ਅਤੇ $1,100 ਪ੍ਰਤੀ ਸਾਲ* ਦੇ ਵਿੱਚਕਾਰ ਬੱਚਤ ਕਰ ਸਕਦਾ ਹੈ। | ਕਾਰੋਬਾਰ $500 ਅਤੇ $74,000 ਪ੍ਰਤੀ ਸਾਲ* ਦੇ ਵਿੱਚਕਾਰ ਬੱਚਤ ਕਰ ਸਕਦੇ ਹਨ। |
| | * ਅੱਪਗ੍ਰੇਡ/ਕਾਰੋਬਾਰ ਦੇ ਆਕਾਰ 'ਤੇ ਨਿਰਭਰ ਕਰਦੇ ਹੋਏ | |

### ਉਪਲਬਧ ਉਤਪਾਦਾਂ ਜਾਂ ਮਾਨਤਾ ਪ੍ਰਾਪਤ ਪ੍ਰਦਾਤਿਆਂ ਨੂੰ ਲੱਭਣ ਲਈ

**victorianenergyupgrades.vic.gov.au** 'ਤੇ ਜਾਓ
VEU ਹੈਲਪਡੈਸਕ ਨੂੰ (03) 9032 1310 'ਤੇ ਫ਼ੋਨ ਕਰੋ

ਬੋਲ਼ੇ, ਗੂੰਗੇ ਜਾਂ ਬਹਿਰੇ? ਨੈਸ਼ਨਲ ਰੀਲੇਅ ਸਰਵਿਸ ਨਾਲ **133 677** ਜਾਂ **relayservice.gov.au** 'ਤੇ ਸੰਪਰਕ ਕਰੋ

### VEU ਪ੍ਰੋਗਰਾਮ ਅਧੀਨ ਤੁਹਾਡੇ ਅਧਿਕਾਰ

VEU ਪ੍ਰੋਗਰਾਮ ਕੋਡ ਆਫ਼ ਕੰਡਕਟ, ਖ਼ਪਤਕਾਰ ਸੁਰੱਖਿਆ ਲਈ ਘੱਟੋ-ਘੱਟ ਮਾਪਦੰਡਾਂ ਨੂੰ ਯਕੀਨੀ ਬਣਾਉਂਦਾ ਹੈ। ਇਹ ਅੱਪਗ੍ਰੇਡਾਂ ਨੂੰ ਪ੍ਰਦਾਨ ਕਰਨ ਜਾਂ ਵੇਚਣ ਵਿੱਚ ਸ਼ਾਮਲ ਹਰੇਕ 'ਤੇ ਲਾਗੂ ਹੁੰਦਾ ਹੈ।

### ਟੈਲੀਫ਼ੋਨ ਰਾਹੀਂ ਅਤੇ ਦਰਵਾਜ਼ਾ ਖੜਕਾ ਕੇ ਵੇਚਣ 'ਤੇ ਪਾਬੰਦੀ ਹੈ

VEU ਪ੍ਰੋਗਰਾਮ ਦੇ ਅਧੀਨ, 1 ਮਈ 2024 ਤੋਂ ਅਣਚਾਹੇ ਟੈਲੀਫ਼ੋਨ ਕਰਕੇ ਵੇਚਣ 'ਤੇ ਪਾਬੰਦੀ ਲਗਾਈ ਗਈ ਹੈ, ਅਤੇ 1 ਅਗਸਤ 2024 ਤੋਂ ਦਰਵਾਜ਼ਾ ਖੜਕਾ ਕੇ ਵੇਚਣ 'ਤੇ ਪਾਬੰਦੀ ਹੈ।

ਟੈਲੀਫ਼ੋਨ ਰਾਹੀਂ ਅਤੇ ਦਰਵਾਜ਼ਾ ਖੜਕਾ ਕੇ ਵੇਚਣ ਦੀ ਇਜਾਜ਼ਤ ਸਿਰਫ਼ ਪਹਿਲਾਂ ਤੋਂ ਲਈ ਗਈ ਸਹਿਮਤੀ ਨਾਲ ਜਾਂ ਖਾਸ ਉਦੇਸ਼ਾਂ ਲਈ ਦਿੱਤੀ ਜਾਵੇਗੀ, ਜਿਵੇਂ ਕਿ ਉਤਪਾਦ ਨੂੰ ਵਾਪਸ ਮੰਗਵਾਉਣ ਜਾਂ ਅੱਪਗ੍ਰੇਡ ਲਈ ਮੁਲਾਕਾਤ ਬੁੱਕ ਕਰਨਾ।

ਜੇ ਤੁਹਾਨੂੰ ਪਾਬੰਦੀਆਂ ਸ਼ੁਰੂ ਹੋਣ ਤੋਂ ਬਾਅਦ ਕੋਈ ਫ਼ੋਨ ਆਉਂਦਾ ਹੈ ਜਾਂ ਸਹਿਮਤੀ ਤੋਂ ਬਿਨਾਂ ਮੁਲਾਕਾਤ ਕਰਨ ਲਈ ਆਉਂਦੇ ਹਨ, ਤਾਂ ਇਸਦੀ ਰਿਪੋਰਟ ਜ਼ਰੂਰੀ ਸੇਵਾਵਾਂ ਦੇ ਕਮਿਸ਼ਨ ਨੂੰ **(03) 9032 1310** ਜਾਂ **veu@esc.vic.gov.au** ਰਾਹੀਂ ਕਰੋ।

ਜਿੱਥੇ ਵੀ ਸੰਭਵ ਹੋਵੇ, ਕਿਰਪਾ ਕਰਕੇ ਇਸ ਵਿੱਚ ਕਾਰੋਬਾਰ ਦਾ ਨਾਮ, ਸਮਾਂ, ਤਰੀਕ ਅਤੇ ਕੀ ਵੇਚਿਆ ਜਾ ਰਿਹਾ ਸੀ ਸ਼ਾਮਲ ਕਰੋ।

Victorian Energy Upgrades
VICTORIA State Government

## ਮਾਰਕੀਟਿੰਗ ਗਤੀਵਿਧੀਆਂ

VEU ਪ੍ਰੋਗਰਾਮ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਵਾਲੇ ਵਿਅਕਤੀ ਜਾਂ ਕਾਰੋਬਾਰ ਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

- ਉੱਚ-ਦਬਾਅ ਵਾਲੀ ਵਿਕਰੀ ਜਾਂ ਵੇਚਣ ਵਾਲੀਆਂ ਰਣਨੀਤੀਆਂ ਦੀ ਵਰਤੋਂ ਨਾ ਕਰੇ
- ਜੇਕਰ ਤੁਸੀਂ 18 ਸਾਲ ਤੋਂ ਵੱਧ ਉਮਰ ਦੇ ਹੋ ਅਤੇ ਜਾਣਕਾਰੀ ਨੂੰ ਸਮਝਣ ਦੇ ਯੋਗ ਹੋ ਤਾਂ ਹੀ ਤੁਹਾਨੂੰ ਅੱਪਗ੍ਰੇਡ ਵੇਚੇ
- ਇਹ ਸਮਝਾਵੇ ਕਿ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਤੁਹਾਡੀ ਮਰਜ਼ੀ ਨਾਲ ਹੈ
- ਉਸ ਕਾਰੋਬਾਰੀ ਨਾਮ ਦਾ ਖੁਲਾਸਾ ਕਰੇ ਜਿਸ ਲਈ ਉਹ ਕੰਮ ਕਰਦੇ ਹਨ
- ਵਿਅਕਤੀਗਤ ਤੌਰ 'ਤੇ ਵੇਚਣ ਲਈ ਫ਼ੋਟੋ, ਪੂਰਾ ਨਾਮ, ਸੰਪਰਕ ਵੇਰਵਿਆਂ, ABN, ਅਤੇ ਮੁੱਖ ਠੇਕੇਦਾਰ ਦੇ ਵੇਰਵਿਆਂ ਵਾਲਾ ਪਛਾਣ ਪੱਤਰ ਪਹਿਨੇ
- ਇਸ ਦੇ ਢੁੱਕਵੇਂਪਣ ਸਮੇਤ, ਚੀਜ਼ਾਂ ਜਾਂ ਸੇਵਾਵਾਂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰੇ
- ਸਹਿਮਤੀ ਪ੍ਰਾਪਤ ਕਰਨ ਅਤੇ ਨਾਮ ਹਟਾਉਣ ਲਈ ਸੌਖੇ ਵਿਕਲਪ ਪ੍ਰਦਾਨ ਕਰਨ ਸਮੇਤ, ਵੇਚਣ ਵਾਲੀਆਂ ਈਮੇਲਾਂ ਜਾਂ SMS ਲਈ ਸਪੈਮ ਕਾਨੂੰਨਾਂ ਦੀ ਪਾਲਣਾ ਕਰੇ
- ਝੂਠੇ ਜਾਂ ਧੋਖੇ ਵਾਲੇ ਦਾਅਵੇ ਨਾ ਕਰੇ, ਜਿਵੇਂ ਕਿ ਵਿਕਟੋਰੀਆ ਸਰਕਾਰ ਜਾਂ ਜ਼ਰੂਰੀ ਸੇਵਾਵਾਂ ਦੇ ਕਮਿਸ਼ਨ ਨਾਲ ਕੋਈ ਸਬੰਧ ਹੈ, ਜਾਂ ਇਹ ਕਿ ਵਿਕਟੋਰੀਆ ਸਰਕਾਰ ਵੇਚਣ ਦੇ ਉਦੇਸ਼ਾਂ ਲਈ ਨਿੱਜੀ ਸੰਪਰਕ ਜਾਣਕਾਰੀ ਪ੍ਰਦਾਨ ਕਰਦੀ ਹੈ

## ਇਕਰਾਰਨਾਮੇ

ਵਿਅਕਤੀ ਜਾਂ ਕਾਰੋਬਾਰ ਜੋ ਤੁਹਾਨੂੰ VEU ਪ੍ਰੋਗਰਾਮ ਦੇ ਅਧੀਨ ਕਿਸੇ ਗਤੀਵਿਧੀ ਲਈ ਇਕਰਾਰਨਾਮੇ ਦੀ ਪੇਸ਼ਕਸ਼ ਕਰਦਾ ਹੈ ਨੂੰ ਇਹ ਲਾਜ਼ਮੀ ਕਰਨਾ ਚਾਹੀਦਾ ਹੈ:

- ਸਿਰਫ਼ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੀ ਕਿਸੇ ਵਿਅਕਤੀ ਨਾਲ ਹੀ ਇਕਰਾਰਨਾਮਾ ਕਰੇ
- ਸ਼ੁਰੂ ਕਰਨ ਤੋਂ ਪਹਿਲਾਂ ਕਰਨ ਵਾਲੇ ਕੰਮ ਬਾਰੇ ਸਪੱਸ਼ਟ ਗੱਲਬਾਤ ਨੂੰ ਯਕੀਨੀ ਬਣਾਵੇ
- VEU ਪ੍ਰੋਗਰਾਮ ਦੇ ਅਧਿਕਾਰਾਂ, ਅੱਪਗ੍ਰੇਡਾਂ ਅਤੇ ਇਕਰਾਰਨਾਮਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕਰੇ, ਜਿਸ ਵਿੱਚ ਉਤਪਾਦ/ਸੇਵਾ ਦੇ ਵੇਰਵੇ, ਅੰਦਾਜ਼ਨ ਲਾਗਤ, ਫੀਸਾਂ, ਚੀਜ਼ਾਂ ਨੂੰ ਲਾਹੁਣ ਦੇ ਤਰੀਕੇ, ਅਤੇ ਆਰਡਰ ਰੱਦ ਕਰਨ ਦਾ ਸਮਾਂ (ਕੂਲਿੰਗ-ਆਫ ਪੀਰੀਅਡ) ਸ਼ਾਮਲ ਹਨ।
- ਇੰਸਟਾਲਰ (ਲਗਾਉਣ ਵਾਲੇ) ਲਈ ਵੇਰਵੇ ਅਤੇ ਸੰਪਰਕ ਜਾਣਕਾਰੀ ਪ੍ਰਦਾਨ ਕਰੇ

## ਕੰਮ ਸ਼ੁਰੂ ਕਰਨਾ

ਵਿਅਕਤੀ ਜਾਂ ਕਾਰੋਬਾਰ ਜੋ ਤੁਹਾਡੇ ਘਰ ਜਾਂ ਕਾਰੋਬਾਰ ਵਿੱਚ VEU ਪ੍ਰੋਗਰਾਮ ਦੇ ਅਧੀਨ ਅੱਪਗ੍ਰੇਡ ਲਈ ਕੰਮ ਸ਼ੁਰੂ ਕਰਦਾ ਹੈ ਨੂੰ ਇਹ ਲਾਜ਼ਮੀ ਕਰਨਾ ਚਾਹੀਦਾ ਹੈ:

- ਤੁਹਾਡੀ ਸਹਿਮਤੀ ਨਾਲ ਹੀ ਕੰਮ ਸ਼ੁਰੂ ਕਰੇ
- ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਕੰਮ ਦੇ ਵੇਰਵਿਆਂ ਬਾਰੇ ਸੂਚਿਤ ਕਰੇ, ਜਿਸ ਵਿੱਚ ਸਮਾਂ, ਤਰੀਕ, ਉਤਪਾਦ/ਸੇਵਾ, ਅਤੇ ਇੰਸਟਾਲਰ ਬਾਰੇ ਜਾਣਕਾਰੀ ਸ਼ਾਮਲ ਹੈ
- ਜੇਕਰ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਕੋਈ ਵਿਅਕਤੀ ਮੌਜੂਦ ਨਹੀਂ ਹੈ ਤਾਂ ਇਮਾਰਤ ਨੂੰ ਛੱਡ ਕੇ ਚਲਾ ਜਾਵੇ
- ਕੰਮ ਪੂਰਾ ਹੋਣ 'ਤੇ ਸੰਪਰਕ ਵੇਰਵੇ ਪ੍ਰਦਾਨ ਕਰੇ
- ਵਿਵਾਦ ਹੱਲ ਕਰਨ ਅਤੇ ਵਾਰੰਟੀ ਲਈ ਜਾਣਕਾਰੀ ਦੇਵੇ

## ਕੀ ਤੁਸੀਂ ਸਾਡੇ ਨਾਲ VEU ਪ੍ਰੋਗਰਾਮ ਬਾਰੇ ਗੱਲ ਕਰਨਾ ਚਾਹੁੰਦੇ ਹੋ?

- ਜੇਕਰ ਤੁਹਾਡੀ ਕੋਈ ਸ਼ਿਕਾਇਤ ਹੈ ਜਾਂ ਉਹਨਾਂ ਅਭਿਆਸਾਂ ਦੀ ਰਿਪੋਰਟ ਕਰਨ ਲਈ ਜੋ ਉੱਪਰ ਦੱਸੇ ਗਏ ਤੁਹਾਡੇ ਅਧਿਕਾਰਾਂ ਨਾਲ ਮੇਲ ਨਹੀਂ ਖਾਂਦੇ ਹਨ, ਤਾਂ ( **03) 9032 1310** ਜਾਂ **veu@esc.vic.gov.au** ਰਾਹੀਂ ਜ਼ਰੂਰੀ ਸੇਵਾਵਾਂ ਦੇ ਕਮਿਸ਼ਨ ਨਾਲ ਸੰਪਰਕ ਕਰੋ।
- ਆਮ VEU-ਸਬੰਧਿਤ ਸਵਾਲਾਂ ਲਈ, ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ **energy.upgrades@deeca.vic.gov.au** 'ਤੇ ਜਾਓ।
- ਇੱਕ ਖ਼ਪਤਕਾਰ ਵਜੋਂ ਆਪਣੇ ਅਧਿਕਾਰਾਂ ਲਈ ਹੋਰ ਕਿੱਥੇ ਜਾਣਾ ਹੈ? ਕਿਰਪਾ ਕਰਕੇ **ਕੰਜ਼ਿਊਮਰ ਅਫੇਅਰਜ਼ ਵਿਕਟੋਰੀਆ** ਨਾਲ ਸੰਪਰਕ ਕਰੋ। **consumer.vic.gov.au/contact-us** ਜਾਂ **131 450' ਤੇ ਜਾਓ।**

**ਜੇਕਰ ਤੁਸੀਂ ਇਸ ਤੱਥ ਸ਼ੀਟ ਦੀ ਅਨੁਵਾਦਿਤ ਨਕਲ ਚਾਹੁੰਦੇ ਹੋ, ਤਾਂ ਕਿਰਪਾ ਕਰਕੇ energy.vic.gov.au/translations 'ਤੇ ਜਾਓ**

© ਵਿਕਟੋਰੀਆ ਰਾਜ ਦਾ ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ ਅਪ੍ਰੈਲ 2024

**ਕਰੀਏਟਿਵ ਕਾਮਨਜ਼**

ਇਹ ਕੰਮ ਕਰੀਏਟਿਵ ਕਾਮਨਜ਼ ਐਟ੍ਰਿਬਿਊਸ਼ਨ 4.0 ਇੰਟਰਨੈਸ਼ਨਲ ਲਾਇਸੈਂਸ ਦੇ ਤਹਿਤ ਲਾਇਸੰਸਸ਼ੁਦਾ ਹੈ, ਕਰੀਏਟਿਵ ਕਾਮਨਜ਼ ਵੈੱਬਸਾਈਟ (http://creativecommons.org/licenses/by/4.0/) 'ਤੇ ਜਾਓ।

**ISBN** 978-1-76136-716-8 **(ਪ੍ਰਿੰਟ)**
**ISBN** 978-1-76136-717-5 **(pdf/online/MS word)**

**ਬੇਦਾਅਵਾ:** ਇਹ ਪ੍ਰਕਾਸ਼ਨ ਤੁਹਾਡੇ ਲਈ ਮੱਦਦਗਾਰ ਹੋ ਸਕਦਾ ਹੈ ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੇ ਹਨ ਕਿ ਇਹ ਪ੍ਰਕਾਸ਼ਨ ਕਿਸੇ ਵੀ ਕਿਸਮ ਦੇ ਨੁਕਸ ਤੋਂ ਰਹਿਤ ਹੈ ਜਾਂ ਤੁਹਾਡੇ ਖ਼ਾਸ ਉਦੇਸ਼ਾਂ ਲਈ ਪੂਰੀ ਤਰ੍ਹਾਂ ਉਚਿਤ ਹੈ ਅਤੇ ਇਸ ਲਈ ਕਿਸੇ ਵੀ ਗਲਤੀ, ਨੁਕਸਾਨ ਜਾਂ ਹੋਰ ਸਿੱਟੇ ਲਈ ਕਿਸੇ ਵੀ ਕਿਸਮ ਦੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਦਾ ਹੈ ਜੋ ਤੁਹਾਡੇ ਦੁਆਰਾ ਇਸ ਪ੍ਰਕਾਸ਼ਨ ਵਿਚਲੀ ਕਿਸੇ ਵੀ ਜਾਣਕਾਰੀ 'ਤੇ ਭਰੋਸਾ ਕਰਨ ਤੋਂ ਪੈਦਾ ਹੋ ਸਕਦਾ ਹੈ।

**ਪਹੁੰਚਯੋਗਤਾ :** ਇਸ ਦਸਤਾਵੇਜ਼ ਨੂੰ ਦੂਸਰੇ ਸਰੂਪ ਵਿੱਚ ਪ੍ਰਾਪਤ ਕਰਨ ਲਈ, ਗਾਹਕ ਸੇਵਾ ਕੇਂਦਰ ਨੂੰ 136 186 'ਤੇ ਫ਼ੋਨ ਕਰੋ, customer.service@delwp.vic.gov.au 'ਤੇ ਈਮੇਲ ਕਰੋ, ਜਾਂ 133 677 'ਤੇ ਨੈਸ਼ਨਲ ਰੀਲੇਅ ਸਰਵਿਸ ਨਾਲ ਸੰਪਰਕ ਕਰੋ। DEECA ਦੀ ਵੈੱਬਸਾਈਟ (www.deeca.vic.gov.au) 'ਤੇ ਉਪਲਬਧ ਹੈ।